No.DPIHE-SRVC0EST./25/2021-SERVICES-DPI-HIGHER EDUCATION

ਪਬਲਿਕ ਨੋਟਿਸ

ਸ੍ਰੀਮਤੀ ਸ਼ੈਲੀ, ਸਹਾਇਕ ਪ੍ਰੋਫੈਸਰ, ਕੰਪਿਊਟਰ ਸਾਇੰਸ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਨੂੰ ਪੰਜਾਬ ਸਰਕਾਰ, ਉਚੇਰੀ ਸਿਖਿਆ ਵਿਭਾਗ ਸਿਖਿਆ-1 ਸ਼ਾਖਾ ਚੰਡੀਗੜ੍ਹ ਵੱਲੋ ਪਿੱਠ ਅੰਕਣ ਨੰ: 3/38/18-2 ਸਿ1/1371324/2 ਮਿਤੀ 11.12.2018 ਰਾਹੀ ਮਿਤੀ 05.4.2018 ਤੋ ਲਗਾਤਾਰ ਡਿਊਟੀ ਤੋ ਅਣਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਾਰਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਇਸ ਸਬੰਧੀ ਦੋਸ਼ਾਂ ਦੀ ਪੜਤਾਲ ਸ੍ਰੀ ਆਰ.ਸੀ.ਨਈਅਰ (ਰਿਟਾ) ਆਈ.ਏ.ਐਸ ਅਤੇ ਸ੍ਰੀ ਐਮ.ਐਸ.ਰੱਤੂ (ਰਿਟਾ) ਐਡੀਸ਼ਨਲ ਡਿਸਟ੍ਰਿਕ ਐਡ ਸੈਸ਼ਨ ਜੱਜ (ਰਿਟਾ) ਤੋ ਰੈਗੂਲਰ ਪੜਤਾਲ ਕਰਵਾਈ ਗਈ ਪਰੰਤੂ ਸ੍ਰੀਮਤੀ ਸ਼ੈਲੀ, ਇਸ ਪੜਤਾਲ ਵਿੱਚ ਕਦੇ ਵੀ ਸ਼ਾਮਲ ਨਹੀ ਹੋਏ। ਇਸ ਉਪਰੰਤ ਅਧਿਕਾਰੀ ਨੂੰ ਸਰਕਾਰ ਵੱਲੋ ਦੋ ਵਾਰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਪਰੰਤੂ ਸਬੰਧਤ ਵੱਲੋ ਕਿਸੇ ਤਰਾਂ ਵੀ ਵਿਭਾਗ ਨਾਲ ਤਾਲਮੇਲ ਨਹੀ ਕੀਤਾ ਗਿਆ। ਹੁਣ ਸਕੱਤਰ,ਪੰਜਾਬ ਸਰਕਾਰ ਉਚੇਰੀ ਸਿਖਿਆ ਵਿਭਾਗ , ਪੰਜਾਬ ਵੱਲੋ ਸ੍ਰੀਮਤੀ ਸ਼ੈਲੀ ਨੂੰ ਆਪਣਾ ਪੱਖ ਪੇਸ਼ ਕਰਨ ਲਈ ਮਿਤੀ 07.4.2022 ਨੂੰ ਦੁਪਹਿਰ 12:00 ਵਜੇ ਵੀਡਿਓ ਕਾਨਫਰੰਸ ਰਾਹੀ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਹੈ, ਕਿਉ ਜੋ ਇਸ ਨਿੱਜੀ ਸੁਣਵਾਈ ਵਿੱਚ ਹਾਜ਼ਰ ਹੋਣ ਲਈ ਇਹ ਨੋਟਿਸ ਸ੍ਰੀਮਤੀ ਸ਼ੈਲੀ, ਸਹਾਇਕ ਪ੍ਰੋਫੈਸਰ ਨੂੰ ਸਾਧਾਰਨ ਢੰਗ ਨਾਲ ਸਰਵ ਕਰਨਾ ਸੰਭਵ ਨਹੀ ਹੈ। ਇਸ ਲਈ ਇਸ ਨੋਟਿਸ ਨੂੰ ਜਨਤਕ ਨੋਟਿਸ ਰਾਹੀ ਸਬੰਧਤ ਨੂੰ ਉਕਤ ਮਿਤੀ ਅਤੇ ਨਿਸ਼ਚਿਤ ਸਮੇ ਤੇ ਨਿੱਜੀ ਸੁਣਵਾਈ ਵਿੱਚ ਸ਼ਾਮਲ ਹੋਣ ਵਿਭਾਗ ਨਾਲ ਤਾਲਮੇਲ ਕਰਨ ਲਈ ਲਈ ਲਿਖਿਆ ਜਾਂਦਾ ਹੈ ਤਾਂ ਜੋ ਵੀਡਿਓ ਕਾਨਫਰੰਸ ਲਈ ਉਨਾਂ ਨੂੰ ਲਿੰਕ ਮੁਹੱਈਆ ਕਰਵਾਇਆ ਜਾ ਸਕੇ ਅਤੇ ਜੇਕਰ ਉਹ ਇਸ ਨਿੱਜੀ ਸੁਣਵਾਈ ਵਿੱਚ ਸ਼ਾਮਲ ਨਹੀ ਹੁੰਦੇ ਜਾਂ ਆਪਣੇ ਪੱਖ ਵਿੱਚ ਕੁਝ ਨਹੀ ਕਹਿੰਦੇ, ਤਾਂ ਉਨਾਂ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਡਿਪਟੀ ਡਾਇਰੈਕਟਰ (ਸੇਵਾਂਵਾਂ)

ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਕਾਲਜਾਂ)ਪੰਜਾਬ।